** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿਚ ਹੋ ਰਹੀਆਂ ਮੰਨਮੱਤਾਂ।

ਕਿਸ਼ਤ ਨੰਬਰ 8

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7 ਪੜ੍ਹੋ ਜੀ।)

** ਮਨੁੱਖਾ ਜੀਵਨ ਵਿੱਚ ('ਅਕਲ, ਮੱਤ, ਬਿਬੇਕ-ਬੁੱਧ, ਗਿਆਨ') ਹੀ ਮਨੁੱਖਾ ਜੀਵਨ ਨੂੰ ਸੁੱਖ ਸ਼ਾਂਤੀ ਨਾਲ ਬਿਤਾਉਣ/ਜਿਉਂਣ ਦਾ ਆਧਾਰ ਹਨ। ('ਅਕਲ, ਮੱਤ, ਬਿਬੇਕ-ਬੁੱਧ, ਗਿਆਨ') ਹੀ ਮਨੁੱਖ ਨੂੰ ਇਹ ਸੋਝੀ ਕਰਵਾਉਂਦੇ ਹਨ, ਕਿ ਮਨੁੱਖ ਨੂੰ ਆਪ/ਖ਼ੁਦ ਹੀ ਆਪਣੇ ਜੀਵਨ ਵਿੱਚ ਉੱਦਮ/ਉਪਰਾਲੇ ਨਾਲ ਮੇਹਨਤ ਕਰਕੇ ਮਨੁੱਖਾ ਜੀਵਨ ਨੂੰ ਚਲਾਉਣਾ ਪੈਣਾ ਹੈ। ਪੇਟ ਦੀ ਭੁੱਖ ਮਿਟਾਉਣ ਦੀ ਖਾਤਿਰ ਆਪਣੇ ਹੱਥਾਂ, ਪੈਰਾਂ, ਅਤੇ ਦਿਮਾਗ਼ ਦੀ ਵਰਤੋਂ ਕਰਨੀ ਪੈਣੀ ਹੈ।

** ਕਿਸੇ ਹੋਰ ਨੇ ਬਾਹਰੋਂ ਆ ਕੇ ਮੇਰੇ ਇਸ ਮਕਸਦ ਦੀ ਪੂਰਤੀ ਨਹੀਂ ਕਰਨੀ, ਮੇਰੀ ਮਦਦ ਨਹੀਂ ਕਰਨੀ। ਮੈਨੂੰ ਆਪ ਹੀਲੇ-ਵਸੀਲੇ ਕਰਨੇ ਪੈਣੇ ਹਨ।

*** ਲੇਕਿੰਨ ਮਨੁੱਖਾ ਸਮਾਜ ਵਿੱਚ ਪੂਜਾਰੀ ਲਾਣੇ ਨੇ ਐਸੀਆਂ ਗਲਤ ਪ੍ਰਪਾਟੀਆਂ ਪਾਈਆਂ ਹਨ, ਚਲਾਈਆਂ ਹਨ, ਕਿ ਇੱਕ ਤਾਂ ਬਾਹਰ ਵਾਲਾ 'ਰੱਬ' ਬਣਾ ਕੇ ਰੱਖ ਦਿੱਤਾ, ਜਿਹੜਾ ਇਸ ਸਾਰੇ ਬ੍ਰਹਿਮੰਡ ਦੀ ਦੇਖਭਾਲ ਕਰਦਾ ਹੈ। ਸਾਰੇ ਜੀਵ ਜੰਤੂਆਂ ਦਾ ਲੇਖਾ-ਜੋਖਾ ਰੱਖਦਾ ਹੈ ਅਤੇ ਮਰਨ ਤੋਂ ਬਾਦ, ਉਸ ਲੇਖੇ-ਜੋਖੇ ਦੇ ਅਨੁਸਾਰ ਫਲ ਦਿੰਦਾ ਹੈ।

** ਦਾਨ-ਪੁੰਨ ਕਰਨ ਵਾਲਿਆਂ ਦਾ ਸਵੱਰਗਾਂ ਵਿੱਚ ਵਾਸਾ ਕਰਵਾਉਂਦਾ ਹੈ ਅਤੇ ਮਾੜੇ ਕਰਮ ਕਰਨ (ਭਾਵ ਦਾਨ-ਪੁੰਨ ਨਾ ਕਰਨ ਵਾਲੇ) ਵਾਲਿਆਂ ਨੂੰ ਨਰਕਾਂ ਵਿੱਚ ਵਾਸਾ ਕਰਵਾਉਂਦਾ ਹੇ

** ਪੂਜਾਰੀ ਦੀ ਇਸ ਬਾਹਰਲੇ ਸਿਰਜੇ 'ਰੱਬ' ਦੀ ਸੋਚ ਨੇ ਪੂਜਾਰੀ ਨੂੰ ਮਾਲਾਮਾਲ ਕਰ ਦਿੱਤਾ। ਅਨਪੜ੍ਹ ਅਗਿਆਨੀ ਲੋਕਾਂ ਨੇ ਵੀ ਵਿਸ਼ਵਾਸ ਕਰ ਲਿਆ, ਕਿ ਬਾਹਰ ਕੋਈ 'ਰੱਬ' ਹੈ, ਜੋ ਜਨਮ ਤੋਂ ਮਰਨ ਤੱਕ ਮਨੁੱਖ ਦੀ ਹਰ ਤਰਾਂ ਦੀਆਂ ਗੱਤੀਆਂ-ਵਿਧੀਆਂ ਤੇ ਨਜ਼ਰ ਰੱਖਦਾ ਹੈ। ਸਾਡੇ ਦੁਆਰਾ ਕੀਤੇ ਕਰਮਾਂ ਦਾ ਫਲ ਦਿੰਦਾ ਹੈ।

** ਇਸੇ **'ਡਰ'** ਦੇ ਕਾਰਨ ਲੋਕਾਂ ਵਿੱਚ ਅਰਦਾਸਾਂ ਕਰਕੇ 'ਰੱਬ' ਨੂੰ ਖ਼ੁਸ ਕਰਨ ਦੀ ਪ੍ਰਪਾਟੀ ਦੀ ਸੁਰੂਆਤ ਹੋਈ। ਜੋ ਅੱਜ ਤੱਕ ਲਗਾਤਾਰ ਜ਼ਾਰੀ ਹੈ ਅਤੇ ਦਿਨੋਂ ਦਿਨ ਅੱਗੇ ਦੀ ਅੱਗੇ ਵੱਧਦੀ ਹੀ ਜਾ ਰਹੀ ਹੈ। ਲੋਕ ਆਪਣੇ ਹਰ ਕੰਮ ਦੀ ਸੁਰੂਆਤ ਵੇਲੇ 'ਰੱਬ' ਦੀ ਕਰੋਪੀ ਦੇ ਡਰ ਤੋਂ ਕੰਮ ਸੁਰੂ ਹੋਣ ਤੋਂ ਪਹਿਲਾਂ ਹੀ ਪੂਜਾਰੀ ਦਾ ਆਸਰਾ ਲੈਣਾ ਲੋਚਦੇ ਹਨ। ਤਾਂ ਜੋ ਉਹਨਾਂ ਦੇ ਕੰਮ ਨਿਰਵਿਘਨ, ਉਹਨਾਂ ਦੀ ਇੱਛਾ ਦੇ ਅਨੁਸਾਰੀ ਫਲਦਾਇਕ ਸਾਬਤ ਹੋਣ, ਪੂਰੇ ਹੋਣ। ਘਾਟੇ ਵਾਲਾ ਸੌਦਾ ਨਾ ਸਾਬਿੱਤ ਹੋਣ।

** ਲੋਕਾਂ ਦੀ ਇਹ ਅਗਿਆਨਤਾ ਭਰੀ ਸੋਚ ਹੀ ਪੂਜਾਰੀ ਦੀ ਦੁਕਾਨ ਧੱੜਾ-ਧੜ ਚੱਲਣ ਵਿੱਚ ਸਹਾਈ ਹੈ। ਕਿਸੇ ਵੀ ਮਜ਼ਹਬ, ਕਬੀਲੇ, ਧੱੜੇ ਦੇ ਧਾਰਮਿੱਕ ਸਥਾਨਾਂ ਵੱਲ ਨਿਗ੍ਹਾ ਮਾਰ ਲਵੋ, ਸਾਰੇ ਹੀ ਧਾਰਮਿੱਕ ਸਥਾਨ ਤੁਹਾਨੂੰ ਭੀੜ ਨਾਲ ਭਰੇ ਨਜ਼ਰ ਆਉਂਦੇ ਹਨ। ਹਰ ਮਨੁੱਖ ਆਪਣੇ-ਆਪਣੇ ਦੁੱਖਾਂ ਦੀਆਂ ਫਰਿਆਦਾਂ ਲੈ ਕੇ ਇਹਨਾਂ ਧਾਰਮਿੱਕ ਸਥਾਨਾਂ ਦੀਆਂ ਯਾਤਰਾਵਾਂ ਕਰ ਰਿਹਾ ਹੇ। ਪੂਜਾਰੀ ਦੇ ਬਣਾਏ ਨਕਲੀ 'ਰੱਬ' ਤੋਂ ਕਿਸੇ ਚੰਗੇ ਦੀ ਆਸ ਵਿਚ, ਆਪਣੀਆਂ ਝੋਲੀਆਂ ਭਰਾਉਣ ਦੀ ਆਸ ਵਿੱਚ ਅਰਦਾਸਾਂ ਬੇਨਤੀਆਂ ਜੋਦੜੀਆਂ ਕਰਨ ਵਿੱਚ ਕੋਈ

ਕਸਰ ਨਹੀਂ ਛੱਡ ਰਿਹਾ। ਆਪਣਾ ਪੂਰਾ ਤਾਣ ਲਾ ਕੇ, ਔਖਾ ਹੋ ਕੇ ਵੀ, ਪਰੀਵਾਰ ਦੀ ਯਾਤਰਾ ਲਈ ਫੜ-ਤੜ ਕੇ ਪੈਸੇ ਦਾ ਬੰਦੋਬਸਤ ਕਰਦਾ, ਕਰਜ਼ਾ ਚੁੱਕਦਾ ਹੈ, ਅਤੇ ਤੀਰਥ-ਯਾਤਰਾਵਾਂ ਉੱਪਰ ਆਪਣੇ ਹੱਕ ਹਲਾਲ ਦੀ ਕਮਾਈ ਦੀ ਬਰਬਾਦੀ ਕਰਦਾ ਵਿਖਾਈ ਦੇ ਰਿਹਾ ਹੈ।

**** ਇਸੇ ਭਾਵ ਨੂੰ ਪ੍ਰਗਟ ਕਰਦੀ ਇਹ ਥੱਲੇ ਵਾਲੀ ਤਸਵੀਰ ਹੈ।**

** ਆਪੇ ਵੇਖ ਲਉ ਕਿਵੇਂ ਸਾਰੇ ਵਹਿਮੀ, ਭਰਮੀ, ਦੇਸੀ-ਪ੍ਰਦੇਸੀ ਲੋਕ ਆਪਣਾ ਅੱਗਾ ਸਵਾਰਨ ਲਈ ਬਉਲੀ ਦੀਆਂ ਪੌੜੀਆਂ ਤੇ ਖੜ੍ਹਕੇ ਸ਼ਰਧਾ ਨੇ ਨਾਮ ਉੱਪਰ ਆਪਣੇ ਆਪ ਨੂੰ 'ਡਰ' ਮੁਕਤ ਕਰਾ ਰਹੇ ਹਨ।

** ਇਹ ਤਸਵੀਰ ਗੋਇੰਦਵਾਲ ਵਿੱਚ ਬਣੀ ਬਉਲੀ ਦੀ ਹੈ। ਨਾਮ ਹੈ 'ਗੁਰਦੁਆਰਾ ਬਉਲੀ ਸਾਹਿਬ'। ਇਹ ਇਤਿਹਾਸਿਕ ਸਥਾਨ ਤੀਜੇ ਗੁਰੁ ਅਮਰਦਾਸ ਜੀ ਨਾਲ ਸਬੰਧਤ ਹੇ। ਇਸ ਵਿੱਚ ਕੋਈ ਸ਼ੱਕ ਨਹੀਂ ਹੈ, ਕਿ ਇਸ ਸਥਾਨ ਦੇ ਨਾਲ ਗੁਰ-ਇਤਿਹਾਸ ਦੀ ਬਹੁਤ ਸਾਰੀਆਂ ਯਾਦਾਂ ਜੁੜੀਆਂ ਹਨ, ਜਿਵੇਂ ਕੇ: ਤੀਜੇ ਸਤਿਗੁਰੂ, ਬੀਬੀ ਭਾਨੀ, ਭਾਈ ਜੇਠਾ, ਅਰਜਨਦੇਵ, ਗੁਰਦੁਆਰਾ ਬਉਲੀ ਸਾਹਿਬ।

** ਵਿਸ਼ੇ ਨੂੰ ਅੱਗੇ ਤੋਰਦੇ ਹੋਏ, ... ਸਮੱਗਰ **'ਗੁਰਬਾਣੀ'** ਵਿੱਚ **'ਗਿਆਨ'** ਹਾਸਿੱਲ ਕਰਨ ਉੱਪਰ ਜ਼ੋਰ ਦਿੱਤਾ ਗਿਆ ਹੈ।

** ਗਿਆਨ ਪਦਾਰਥੁ ਪਾਈਐ ਤ੍ਰਿਭਵਨ ਸੋਝੀ ਹੋਇ॥ ਮ1॥ 60॥

** ਗਿਆਨ ਪਦਾਰਥੁ ਖੋਇਆ ਠਗਿਆ ਮੁਠਿਆ ਜਾਇ॥ ਮ1॥ 60॥

** ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ॥ ਮ3॥ 124॥

.... ਗਿਆਨ ਹਾਸਿੱਲ ਕਰਕੇ, ਆਪਣੇ ਮਨੁੱਖਾ ਜੀਵਨ ਨੂੰ ਉਸ 'ਗਿਆਨ' ਦੇ ਅਨੁਸਾਰੀ ਬਣਾ ਕੇ ਮਨੁੱਖਾ ਜੀਵਨ ਜਿਉਂਣਾ ਕਰਨਾ ਹੀ 'ਸਚਿਆਰਤਾ' ਵਾਲੇ ਰਾਹ ਉੱਪਰ ਚੱਲਣਾ ਹੈ।

** ਪਰ ਸਿੱਖ ਸਮਾਜ ਵਿੱਚ ਐਸਾ ਨਹੀਂ ਹੈ। ਨਾ ਹੀ ਐਸਾ ਹੋ ਰਿਹਾ ਹੈ।

** ਕਿਉਂਕਿ: ਗਲਤ ਪਰਪਾਟੀਆਂ ਪਈਆਂ ਹੋਣ ਕਰਕੇ, ਗਲਤ ਮਾਨਤਾਵਾਂ ਬਣੀਆਂ ਹੋਣ ਕਰਕੇ ਸਿੱਖ ਸਮਾਜ ਵਿੱਚ ਪਰੈਕਟੀਕਲ ਜੀਵਨ ਜਿਉਂਣ ਵਾਲੇ ਪਾਸੇ ਤਾਂ 'ਧਿਆਨ' ਹੀ ਨਹੀਂ ਜਾਂਦਾ। ਲੋਕ ਪੂਜਾਰੀ ਦੀਆਂ ਬਣਾਈਆਂ ਝੂਠੀਆਂ ਮਾਨਤਾਵਾਂ ਨੂੰ ਹੀ ਸੱਚ ਕਰਕੇ ਮੰਨ ਰਹੇ ਹਨ। ਸ਼ਾਇਦ ਉਹਨਾਂ ਝੂਠੀਆਂ ਮਾਨਤਾਵਾਂ, ਕਰਮਕਾਡਾਂ ਨਾਲ ਹੀ ਉਹਨਾਂ ਲੋਕਾਂ ਦਾ ਉਧਾਰ ਹੋ ਜਾਣਾ ਹੈ। ਦੁੱਖ ਦਲਿੱਦਰ ਦੂਰ ਹੋ ਜਾਣੇ ਹਨ।

** ਸਾਡੇ ਗੁਰੁ ਸਾਹਿਬਾਨਾਂ ਦਾ ਜੀਵਨ ਪਰੈਕਟੀਕਲ ਜੀਵਨ ਸੀ। ਉਹਨਾਂ ਜੋ ਜੋ ਵੀ ਕੰਮ ਕੀਤੇ, ਸੱਭ ਲੋਕ-ਭਲਾਈ ਵਾਲੇ ਸਨ।

- ਲੋਕਾਂ ਦੇ ਹੱਕਾਂ ਅਤੇ ਲੋੜਾਂ ਨੂੰ ਮੁੱਖ ਰੱਖਕੇ, ਉਹਨਾਂ ਉਸ ਸਮੇਂ ਦੇ ਸਮਾਜ ਵਿੱਚ ਬਦਲਾਅ ਲਿਆਉਣੇ ਕੀਤੇ।
- ਤਾਂ ਜੋ ਸਾਰਿਆਂ ਨੂੰ ਬਰਾਬਰਤਾ ਵਾਲਾ ਅਧਿਕਾਰ ਮਿਲ ਸਕੇ।
- ਜ਼ਾਤੀਵਾਦ ਖਤਮ ਹੋ ਸਕੇ।
- ਆਪਸੀ ਪ੍ਰੇਮ-ਭਾਈਚਾਰਾ ਵੱਧ ਸਕੇ।

** ਤੀਜੇ ਗੁਰੁ ਸਾਹਿਬ ਜੀ ਨੇ ਇਸ ਨਗਰ ਗੋਇੰਦਾਵਾਲ ਵਿੱਚ ਪਾਣੀ ਦੀ ਕਿਲਤ ਨੂੰ ਵੇਖਦੇ ਹੋਏ, ਇਹ '**ਬਉਲੀ**' (**ਉੱਪਰ ਤੋਂ ਢੱਕਿਆ ਹੋਇਆ ਪੌੜੀਆਂ ਵਾਲਾ ਖੂਹ**) ਬਨਉਣ ਦਾ ਆਦੇਸ਼ ਕੀਤਾ। ਤਾਂ ਸਿੱਖ ਸੰਗਤਾਂ ਨੇ ਰੱਲ-ਮਿੱਲ ਕੇ ਇਸ ਬਉਲੀ ਨੂੰ ਬਨਾਉਣਾ ਕੀਤਾ।

- ਗੁਰੁ ਸਾਹਿਬ ਜੀ ਦੇ ਇਸ '**ਬਉਲੀ**' ਨੂੰ ਬਨਵਾਉਣ ਨਾਲ ਉਸ ਸਮੇਂ, ਸਮਾਜ ਵਿੱਚ ਲੋਕਾਂ ਨੂੰ ਬਰਾਬਰਤਾ ਵਾਲਾ ਅਧਿਕਾਰ ਪ੍ਰਾਪਤ ਹੋ ਗਿਆ।
- ਕਿਉਂਕਿ ਸਾਰੇ ਲੋਕ ਬਿਨਾਂ ਕਿਸੇ ਭੇਦ-ਭਾਵ ਦੇ ਉਸ ਬਉਲੀ ਵਿਚੋਂ ਆਪਣੀ ਲੋੜ ਅਨੁਸਾਰ ਪਾਣੀ ਲੈ ਸਕਦੇ ਸਨ, ਵਰਤ ਸਕਦੇ ਸਨ।
- ਕਿਸੇ ਵੀ ਪਾਣੀ ਦੇ ਲੋੜਵੰਦ ਨੂੰ ਪਾਣੀ ਲੈਣ ਵੇਲੇ, ਉਸਦੀ ਉੱਚੀ-ਨੀਚੀ ਜ਼ਾਤੀ ਬਾਰੇ ਪੁੱਛਣ ਵਾਲਾ ਕੋਈ ਹੈ ਹੀ ਨਹੀਂ ਸੀ।
- ਇਸ ਹੱਕ/ਅਧਿਕਾਰਤ ਬਰਾਬਰਤਾ ਨਾਲ, ਪੂਜਾਰੀ ਦੀਆਂ ਪ੍ਰਚੱਲਤ/ਚਲਾਈਆਂ ਸਮਾਜਿੱਕ ਬੁਰਾਈਆਂ, ਬਦਨੀਤੀਆਂ ਨੂੰ ਠੱਲ ਪਾਈ ਗਈ, ਨੱਥ ਪਾਈ ਗਈ।
- **ਗੁਰੂ ਸਾਹਿਬ ਜੀ ਦਾ ਇਸ ਬਉਲੀ ਨੂੰ ਬਨਾਉਣ ਪਿੱਛੇ ਕੋਈ ਰਾਜਨੀਤੱਕ ਲਾਹਾ ਲੈਣਾ ਨਹੀਂ ਸੀ, ਬਲਕਿ ਨਿਰੋਲ ਮਨੁੱਖਾ ਸਮਾਜ ਦੀ ਪਾਣੀ ਦੀ ਲੋੜ ਨੂੰ ਪੂਰਾ ਕਰਨਾ ਸੀ। ਸੋ ਉਹਨਾਂ ਨੇ ਕੀਤਾ।**
- ਪਾਣੀ ਕਾਫੀ ਡੂੰਗਾ ਹੋਣ ਕਰਕੇ, ਇੱਕ ਪਾਸੇ ਤੋਂ ਉਸ ਵਿੱਚ ਪੌੜੀਆਂ ਬਣਾ ਦਿੱਤੀਆਂ ਗਈਆਂ।
- ਉਸ ਸਮੇਂ ਪੌੜੀਆਂ ਦੀ ਗਿਣਤੀ 84 ਨਾ ਹੋ ਕੇ ਕਾਫੀ ਘੱਟ, ਲੋੜ ਅਨੁਸਾਰ ਹੋਵੇਗੀ।

- ਜੋ ਕਿ ਸੱਚਾਈ ਹੈ, ਗੁਰੁ ਸਾਹਿਬ ਜੀ ਨੇ ਕਦੇ ਵੀ ਇਹ 84 (ਚੁਰਾਸੀ ਜੂਨਾਂ) ਦੇ ਗੇੜ ਵਾਲਾ ਮੁੱਦਾ ਸੋਚਿਆ ਵੀ ਨਹੀਂ ਹੋਵੇਗਾ। ਉਸ ਸਮੇਂ ਲੋੜ ਅਨੁਸਾਰ ਹੀ ਪੌੜੀਆਂ ਬਣਾਈਆਂ ਗਈਆਂ ਹੋਣਗੀਆਂ, ਜਿਹਨਾਂ ਨਾਲ ਪਾਣੀ ਸੌਖੇ ਹੀ ਬਾਹਰ ਲਿਆਦਾਂ ਜਾ ਸਕੇ।
- ਗੁਰੁ ਸਾਹਿਬ ਜੀ ਨੇ ਕਿਸੇ ਨੂੰ ਵੀ ਉਹਨਾਂ ਪੌੜੀਆਂ ਉੱਪਰ ਖੜਕੇ 'ਜਪੁ' ਬਾਣੀ ਦੇ ਪਾਠ ਕਰਨ ਲਈ ਕਦੇ ਵੀ ਨਹੀਂ ਕਿਹਾ ਹੋਵੇਗਾ। (ਜਿਵੇਂ ਕਿ ਅੱਜ ਕੱਲ ਵੇਖਣ ਵਿੱਚ ਆ ਰਿਹਾ ਹੈ)
- ਇਹ ਬਉਲੀ ਸਿਰਫ ਪਾਣੀ ਦੀ ਲੋੜ ਪੂਰੀ ਕਰਨ ਲਈ ਬਣਾਈ ਗਈ ਸੀ ਨਾ ਕਿ **ਜੀਵਨ 'ਮੁੱਕਤੀ'** ਪ੍ਰਾਪਤ ਕਰਨ ਲਈ।
- ਅਗਰ ਗੁਰੂ ਸਾਹਿਬ ਜੀ ਦੀ ਕੋਈ ਅਜੇਹੀ ਮਨਸ਼ਾ ਹੁੰਦੀ ਤਾਂ ਜਰੂਰ ਉਹ ਆਪਣੀ ਉਚਾਰੀ ਬਾਣੀ ਵਿੱਚ ਇਸਦਾ ਜ਼ਿਕਰ ਕਰਦੇ, ਕਿ ਇਸ ਬਉਲੀ ਵਿੱਚ ਇਸ਼ਨਾਨ ਕਰਨ ਨਾਲ ਕਿਸੇ ਵੀ ਮਨੁੱਖ ਦੇ ਦੁੱਖ-ਦਲਿੱਦਰ, ਸਰੀਰਿੱਕ ਦੁੱਖ ਦੂਰ ਹੋ ਜਾਣਗੇ, ਮੁਕਤੀ ਨੂੰ ਪ੍ਰਾਪਤ ਹੋਣਗੇ। ਜਦੋਂ ਕਿ ਅਜੇਹਾ ਬਿੱਲਕੁੱਲ ਵੀ ਨਹੀਂ ਹੈ।
- ਸਰੀਰਿੱਕ ਦੁੱਖ ਤਾਂ ਆਉਂਦੇ ਹੀ ਰਹਿਣੇ ਹਨ। ਜਦ ਤੱਕ ਇਹ ਸਰੀਰ ਜਿਉਂਦਾ ਜਾਗਦਾ ਹੈ, ਖਾਣ-ਪੀਣ ਦੀ ਵਾਧ-ਘਾਟ ਕਰਕੇ ਇਸ ਸਰੀਰ ਵਿੱਚ ਕੋਈ ਨਾ ਕੋਈ ਤਕਲੀਫ਼ ਆ ਹੀ ਜਾਂਦੀ ਹੈ। ਸਾਡੇ ਗੁਰੂ ਸਾਹਿਬਾਨਾਂ ਨੂੰ ਵੀ ਇਹ ਸਰੀਰਿੱਕ ਤਕਲੀਫਾਂ, ਦੁੱਖ-ਸੁੱਖ ਆਏ। ਉਹਨਾਂ ਨੇ ਸਹਿਣੇ ਵੀ ਕੀਤੇ।
- ਮਾਨਸਿੱਕ ਉਲਝਨਾਂ 'ਗੁਰਬਾਣੀ ਗਿਆਨ' ਨਾਲ ਦੂਰ ਕੀਤੀ ਆ ਜਾ ਸਕਦੀਆਂ ਹਨ।
- ਮਾਨਸਿੱਕ ਤੌਰ ਤੇ ਬੀਮਾਰ ਲੋਕਾਂ ਦਾ ਕੀਤਾ ਵੀ ਕੁੱਝ ਨਹੀਂ ਜਾ ਸਕਦਾ। ਜਦ ਤੱਕ ਉਹ ਆਪ ਨਾ ਠੀਕ ਹੋਣਾ ਚਹੁੰਦੇ ਹੋਣ।
- ਇਹੀ ਅਨਪੜ੍ਹਤਾ ਅਗਿਆਨਤਾ ਭਰੇ ਕਰਮ ਬਉਲੀ ਵਿੱਚ ਅਗਿਆਨੀ ਲੋਕਾਂ ਵਲੋਂ ਕੀਤੇ ਜਾ ਰਹੇ ਹਨ।

**** ਗੁਰਦੁਆਰਾ ਬਉਲੀ ਵਿਖੇ: ਜੋ ਕੁੱਝ ਅੱਜ ਕੱਲ ਹੋ ਰਿਹਾ ਹੈ, ਅਸੀਂ ਸਾਰੇ ਵੇਖ ਰਹੇ ਹਾਂ, ਹੋ ਰਹੇ ਕਰਮਕਾਂਡ, ਕੀਤੇ ਜਾ ਰਹੇ ਕਰਮ, ਗੁਰੁ ਜੀ ਦੇ ਆਸ਼ੇ ਦੇ ਅਨੁਸਾਰੀ ਨਹੀਂ ਹੋ ਰਹੇ। ਇਹ ਸਾਰਾ ਕਰਮਕਾਂਡ, ਝੂਠੀਆਂ ਮਾਨਤਾਵਾਂ ਸਾਡੇ ਪੂਜਾਰੀ ਲਾਣੇ ਦੀ ਦੇਣ ਹੈ। ਇਸ ਸਾਰੇ ਫੋਕੇ ਕਰਮਕਾਂਡ ਪਿੱਛੇ ਬ੍ਰਾਹਮਣੀ-ਸੋਚ ਆਪਣਾ ਅਸਰ ਵਿਖਾ ਰਹੀ ਹੈ। ਇਸੇ ਕਰਕੇ ਇਸ ਬਉਲੀ ਦਾ ਚਿਹਰਾ ਮੁਹਰਾ ਇੱਕ ਮਸ਼ਹੂਰ ਵੱਡੇ ਤੀਰਥ ਅਸਥਾਨ ਦੀ ਸ਼ਕਲ ਅਖਤਿਆਰ ਕਰ ਚੁਕਿਆ ਹੇ।**

- **ਇਸ ਜਗਹ ਉੱਪਰ ਜੋ ਜੋ ਕਰਮ ਕੀਤੇ ਜਾ ਰਹੇ ਹਨ, ਉਹ ਗੁਰੁ ਆਸ਼ੇ ਦੇ ਅਨੁਸਾਰੀ ਬਿੱਲਕੁੱਲ ਵੀ ਨਹੀਂ ਹਨ।**
- **ਤਸਵੀਰ ਵਿੱਚ ਬਉਲੀ ਦੇ ਅੰਦਰ ਲੋਕਾਂ ਵਲੋਂ ਕੀਤੇ ਜਾ ਰਹੇ ਕਰਮਾਂ ਦੀਆਂ ਅਲੱਗ ਅਲੱਗ ਤਸਵੀਰਾਂ ਹਨ। ਜੋ ਆਪਣੇ ਆਪਣੇ ਆਪ ਵਿੱਚ ਆਪਣੀ ਕਹਾਣੀ ਬਿਆਨ ਕਰ ਰਹੀਆਂ ਹਨ। ਇਹਨਾਂ ਤਸਵੀਰਾਂ ਵਿੱਚ ਜਵਾਨ ਬੁੱਢੇ, ਔਰਤਾਂ, ਹਰ ਉੱਮਰ ਦੇ ਲੋਕ ਅੰਨ੍ਹੀ ਸਰਧਾ ਦੇ ਨਾਮ ਹੇਠ ਪੌੜੀਆਂ ਉੱਪਰ ਖੜਕੇ "ਜਪੁ" ਬਾਣੀ ਦਾ ਪਾਠ ਕਰਦੇ ਵਿਖਾਈ ਦੇ ਰਹੇ ਹਨ।**
- **(ਗੁਰਮੱਤ-ਗਿਆਨ ਲੈਣ ਲਈ ਹਰ ਸਿੱਖ-ਗੁਰਸਿੱਖ ਦਾ ਬਾਣੀ ਪੜ੍ਹਨਾ, ਪਾਠ ਕਰਨਾ ਜਰੂਰੀ ਫਰਜ਼ ਬਣਦਾ ਹੇ। ਪਰ ਜਿਸ ਮਨਸ਼ਾ ਨਾਲ, ਜਿਸ ਭਾਵ ਨਾਲ, ਇਸ ਬਉਲੀ ਦੀਆਂ ਪੌੜੀਆਂ ਉੱਪਰ ਖੜ੍ਹਕੇ ਪਾਠ ਕੀਤਾ ਜਾ ਰਿਹਾ ਹੈ, ਉਹ ਕੋਰੀ ਮਨਮੱਤ ਹੇ, ਅਗਿਆਨਤਾ ਹੈ, ਅਨਪੜ੍ਹਤਾ ਹੈ।)**

- 84 (ਚਉਰਾਸੀਹ) :: ਚਉਰਾਸੀਹ ਲੱਖ ਜੂਨੀਆਂ ਦਾ ਸੰਕਲਪ/ਕੌਨਸੇਪਟ ਬ੍ਰਾਹਮਣ ਪੂਜਾਰੀ ਦੀ ਕਾਢ ਹੈ। ਗੁਰਮੱਤ ਗਿਆਨ ਇਸ ਨੂੰ ਬਿੱਲਕੁੱਲ ਵੀ ਨਹੀਂ ਮੰਨਦਾ। 'ਗੁਰਬਾਣੀ' ਵਿੱਚ ਇਸ ਲਫ਼ਜ (ਚਉਰਾਸੀਹ) ਦੀ ਵਰਤੋਂ 40 ਵਾਰ ਦੇ ਕਰੀਬ ਕੀਤੀ ਗਈ ਹੈ।
- 'ਸ਼ਬਦ ਗੁਰੁ ਗਰੰਥ' ਵਿੱਚ ਇਸ 'ਚਉਰਾਸੀਹ' ਬਾਰੇ ਜ਼ਿਕਰ ਜਰੂਰ ਆਇਆ ਹੈ, ਪਰ ਉਹ ਜ਼ਿਕਰ ਇੱਕ ਵੇਰਵੇ, ਹਵਾਲੇ, ਉਦਾਰਹਰਨ, ਐਗਜਮਪਲ ਦੇ ਤੌਰ ਤੇ ਆਇਆ ਹੇ, ਨਾ ਕਿ ਗੁਰਮੱਤ/ਗੁਰਬਾਣੀ ਇਸ ਦੀ ਪ੍ਰੋੜਤਾ ਕਰਦੀ ਹੈ।
- ਬਉਲੀ ਦੀਆਂ 84 ਪਉੜੀਆਂ ਬਨਾਉਣ ਪਿੱਛੇ ਵੀ ਇਹੀ ਮੰਨਮੱਤ ਵਾਲਾ ਭਾਵ ਛਿੱਪਿਆ ਹੈ। ਇਸੇ ਲਈ ਸਾਡੇ ਸਿੱਖ ਪੂਜਾਰੀ ਲਾਣੇ ਨੇ ਇਸ ਬਉਲੀ ਦੀਆਂ 84 ਪਉੜੀਆਂ ਦਾ ਨਿਰਮਾਣ, ਸਨਾਤਨੀ ਮੱਤ ਦੇ ਹਰਿਦੁਆਰ ਵਿਖੇ ਬਣੇ ਸਨਾਤਨੀ ਤੀਰਥ ਅਸਥਾਨ 'ਹਰਿ ਕੀ ਪੌੜੀ' ਦੀ ਨਕਲ ਹੈ।
- ਉਸ ਉੱਪਰ ਇਹ ਪ੍ਰਚਾਰ ਕਰਨਾ ਇੱਥੇ 'ਜਪੁ' ਬਾਣੀ ਦਾ ਪਾਠ ਕਰਨ ਨਾਲ ਤੁਹਾਡੀ 84 (ਚੌਰਾਸੀ) ਕੱਟੀ ਜਾਵੇਗੀ। (ਭਾਵ ਤੁਹਾਡਾ ਚਉਰਾਸੀਹ ਲੱਖ ਜੂਨੀਆਂ ਤੋਂ ਛੁਟਕਾਰਾ ਹੋ ਜਾਵੇਗਾ।)
- ਜਿਹਨਾਂ ਸਿੱਖ ਲੋਕਾਂ ਨੇ 'ਸਬਦ ਗੁਰੂ ਗੁਰਬਾਣੀ' ਨੂੰ ਵਿਚਾਰਨਾ ਨਹੀਂ ਕੀਤਾ ਭਾਵ ਸਮਝਣਾ ਨਹੀਂ ਕੀਤਾ, ਉਹਨਾਂ ਲੋਕਾਂ ਨੇ ਇਸ ਬਰਾਹਮਣੀ ਸੋਚ ਵਾਲੇ ਪ੍ਰਚਾਰ ਨੂੰ ਆਪਣੇ ਅੰਦਰ ਵਸਾ ਲਿਆ ਅਤੇ ਉਸੇ ਤਰਹ ਦਾ ਕਰਮ ਕਰਨੇ ਸ਼ੁਰੂ ਕਰ ਦਿੱਤੇ।
- ਇਸ ਕਰਮ/ਮੰਨਮੱਤ ਵਿੱਚ ਕੇਵਲ ਸਾਡੇ ਪੰਜਾਬ, ਭਾਰਤ ਦੇ ਲੋਕ ਹੀ ਨਹੀਂ ਫੱਸੇ ਬਲਕਿ ਹੋਰਨਾਂ ਬਾਹਰਲੇ ਦੇਸ਼ਾਂ ਦੇ ਗੋਰੇ ਲੋਕ ਵੀ ਜਿਹਨਾਂ ਨੇ ਸਿੱਖੀ ਸਰੂਪ ਨੂੰ ਅਪਨਾਉਣਾ ਕੀਤਾ ਹੈ, ਉਹ ਵੀ ਇਸ ਮੰਨਮੱਤ ਨੂੰ ਕਰਦੇ ਸਾਫ਼ ਵੇਖੇ ਜਾ ਸਕਦੇ ਹਨ।
- ਇਹਨਾਂ ਲੋਕਾਂ ਦੇ ਦਿਮਾਗ਼ ਵਿੱਚ ਇਹ ਵਾੜ ਦਿੱਤਾ ਗਿਆ ਹੈ, ਕਿ ਤੁਸੀਂ ਜਨਮ-ਮਰਨ ਤੋਂ ਮੁਕਤ ਹੋ ਸਕਦੇ ਹੋ। ਇਸੇ ਮੁਕਤੀ ਲੈਣ ਦੇ ਚੱਕਰ ਵਿੱਚ ਪੈ ਕੇ ਹਰ ਰੋਜ਼ ਹਜ਼ਾਰਾਂ ਹੀ ਲੋਕ ਇਹ ਮੰਨਮੱਤਾਂ/ਕਰਮਕਾਂਡ ਕਰਦੇ ਵੇਖੇ ਜਾ ਸਕਦੇ ਹਨ।

***** ਜੋ ਵੀਰ-ਭੈਣ 'ਗੁਰਮੱਤ ਗਿਆਨ ਵਿਚਾਰ' ਦੇ ਗਿਆਤਾ ਹਨ, ਉਹ ਭਲੀ-ਭਾਂਤ ਸਮਝ ਸਕਦੇ ਹਨ, ਕਿ ਕੀ ਇਸ ਤਰਾਂ ਦੇ ਕਰਮਕਾਂਡ ਕਰਨ ਨਾਲ ਸਾਡਾ ਜਨਮ ਮਰਨ ਦਾ ਗੇੜ ਖਤਮ ਹੋ ਸਕਦਾ ਹੈ? ? ਨਹੀਂ ਨਾ।

*** ਸਵਾਲ ਖੜ੍ਹਾ ਹੁੰਦਾ ਹੈ? ?

** ਕਿ ਕੀ! ! ਜੋ ਵੀ ਮਨੁੱਖ (ਪੂਰੇ ਮਨੁੱਖਾ ਸਮਾਜ ਵਿਚ) ਅੱਜ ਤੱਕ ਆਪਣੀ ਮਨੁੱਖੀ ਜੀਵਨ ਯਾਤਰਾ ਦਾ ਪੈਂਡਾ ਤਹਿ ਕਰਕੇ ਚਲਾ ਗਿਆ, ਕੀ ਉਹ ਵਾਪਸ ਆਇਆ? ? ਨਹੀਂ ਨਾ। ਸਚਾਈ ਹੈ, ਮਰਨ ਤੋਂ ਬਾਦ ਕੋਈ ਵੀ ਵਾਪਸ ਨਹੀਂ ਆਉਂਦਾ ਅਤੇ ਨਾ ਹੀ ਆਏਗਾ।

** 'ਮੁਕਤੀ' ਜਿਉਂਦੇ-ਜੀਅ, ਮਨੁੱਖ ਸਰੀਰ ਵਿੱਚ ਰਹਿੰਦੇ ਹੋਏ ਹੋਣੀ ਹੈ, ਨਾ ਕਿ ਮਰਨ ਤੋਂ ਬਾਦ ਵਿਚ। ਮਰਨ ਤੋਂ ਬਾਦ ਵਿੱਚ ਤਾਂ ਮਨੁੱਖੀ ਸਰੀਰ ਨੂੰ ਦਬਾ ਦਿੱਤਾ ਜਾਂਦਾ ਹੈ ਜਾਂ ਸਾੜ ਦਿੱਤਾ ਜਾਂਦਾ ਹੈ, ਜਾਂ ਪਾਣੀ ਵਿੱਚ ਵਹਾ ਦਿੱਤਾ ਜਾਂਦਾ ਹੇ। ਪੰਜ ਭੂਤਕ ਸਰੀਰ ਮਿੱਟੀ ਨਾਲ ਮਿੱਟੀ ਹੋ ਜਾਂਦਾ ਹੈ।

** ਗੁਰਬਾਣੀ ਫੁਰਮਾਨ ਹੈ।

** ਇੱਕ ਦਝਹਿ ਇੱਕ ਦਬੀਅਹਿ ਇਕਨਾ ਕੁਤੇ ਖਾਹਿ॥ ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ॥ ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ॥ ਮ1॥ 648॥ (ਹਸਣਿ= ਉਹ ਖੂਹ ਜਿਥੇ

ਪਾਰਸੀ ਲੋਕ ਮੁਰਦੇ ਨੂੰ ਰੱਖ ਆਉਂਦੇ ਹਨ, ਤਾਂ ਜੋ ਕਾਂ, ਇੱਲਾਂ, ਗਿਰਝਾਂ ਉਸ ਮੁਰਦਾ ਸਰੀਰ ਨੂੰ ਖਾਹ ਜਾਣ। (ਟਾਵਰ ਔਫ ਸਾਈਲੈਨਸ))

** ਮਨੁੱਖੀ ਸਰੀਰ ਦੇ ਮਰਨ ਤੋਂ ਬਾਦ ਵਿੱਚ ਇਸ ਮੁੱਰਦਾ ਸਰੀਰ ਨੂੰ ਬਿਲੇ ਲਾ ਦਿੱਤਾ ਜਾਂਦਾ ਹੇ, ਭਾਵ ਹਰ ਕਬੀਲਾ, ਕੌਮ ਆਪਣੇ ਆਪਣੇ ਮਜ਼ਹਬੀ ਰੀਤੀ ਰਿਵਾਜ਼ਾਂ ਦੇ ਅਨੁਸਾਰ ਮੁਰਦਾ ਸਰੀਰ ਨੂੰ ਉਸਦੇ ਅੰਜ਼ਾਮ ਤੱਕ ਪਹੁੰਚਾ ਦਿੰਦੇ ਹਨ।

** ਜਦ, ਬੋਲਣ, ਸੋਚਣ, ਸਮਝਣ, ਸਮਝਾਉਣ ਵਾਲਾ, ਸੁੰਘਣ, ਸੁੰਨਣ, ਸਵਾਦ ਚੱਖਣ ਵਾਲਾ, ਵੇਖਣ ਵਾਲਾ ਸਰੀਰ ਹੀ ਨਹੀਂ ਰਿਹਾ ਤਾਂ. . . . . ? ? ? ?

- ਜੋ ਸਰੀਰ ਮਿੱਟੀ ਵਿੱਚ ਮਿੱਟੀ ਹੋ ਗਿਆ।
- ਜੋ ਸਰੀਰ ਅੱਗ ਵਿੱਚ ਸੱੜ ਕੇ ਸੁਆਹ ਹੋ ਗਿਆ।
- ਜੋ ਪਾਣੀ ਵਿੱਚ ਸੁਟਿਆ, ਮੱਛੀਆਂ, ਕਛੂਕੁੱਮਿਆਂ ਦੀ ਖੁਰਾਕ ਬਣ ਗਿਆ।

** ਤਾਂ ਮੁੱਕਤੀ ਦਾ ਅਨੰਦ ਕਿਸ ਨੇ ਮਾਨਣਾ ਹੈ? ? ? ?

** ਤਾਂ ਅੱਗੇ ਸਵਰੱਗ ਦਾ ਆਨੰਦ ਕਿਸ ਸਰੀਰ ਨੇ ਮਾਨਣਾ ਹੈ? ? ?

** ਮੁਸਲਮਾਨ ਸਮਾਜ, ਹਰ ਮਰਦ ਮੁਸਲਮਾਨ ਨੂੰ 72 ਹੂਰਾਂ-ਪਰੀਆਂ ਭੋਗਣ ਨੂੰ ਮਿਲਣ ਦੀਆਂ ਗਰੰਟੀਆਂ ਦਿੰਦਾ ਹੈ।

** ਤਾਂ ਕੌਣ ਭੋਗੇਗਾ ਉਹਨਾਂ ਹੂਰਾਂ-ਪਰੀਆਂ ਨੂੰ ਜਦ ਸਰੀਰ ਹੀ ਨਹੀਂ ਤਾਂ? ? ? ?

- ਇਸ ਬਾਹਰ ਦਿੱਖਦੇ ਸੰਸਾਰ ਵਿੱਚ ਮਨੁੱਖੀ-ਸਰੀਰ ਤੋਂ ਬਿਨਾਂ ਕੋਈ ਕਿਰਿਆ ਨਹੀਂ ਕੀਤੀ ਜਾ ਸਕਦੀ।

** ਕੀਤੇ ਜਾ ਰਹੇ ਕਰਮਕਾਂਡ ਦੇ ਵਿਸ਼ਵਾਸ ਦੇ ਅਨੁਸਾਰ:

- ਸਾਰੀਆਂ 84 ਪੌੜੀਆਂ ਉੱਪਰ ਖੜ੍ਹਕੇ ਜਾਂ ਬਹਿਕੇ ਜਾਂ ਇੱਕ ਲੱਤ ਉੱਪਰ ਖੜ੍ਹਕੇ, ਇੱਕ 'ਜਪੁ' ਬਾਣੀ ਦਾ ਪਾਠ ਕਰਕੇ, 84 ਪੌੜੀਆਂ ਥੱਲੇ ਜਾ ਕੇ ਇਸ਼ਨਾਨ ਕਰਨਾ ਹੈ।
- ਫਿਰ 84 ਪੌੜੀਆਂ ਉੱਪਰ ਆ ਕੇ ਦੂਜੀ ਪਉੜੀ ਉੱਪਰ ਇਹ ਉੱਪਰ ਵਾਲੀ ਸਾਰੀ ਕਿਰਿਆ ਦੁਹਰਾਉਣੀ ਹੈ। ਸੋ ਇਸ ਤਰਾਂ 84 ਵਾਰ ਕਰਨਾ ਹੈ, ਆਪਣੀ ਚਉਰਾਸੀਹ ਕਟਾਉਣ ਲਈ।

** ਕਈ ਹੱਠੀ ਵੀਰ-ਭੈਣ ਇਹ ਸਾਰਾ ਕਰਮਕਾਂਡ ਆਪਣੇ ਵਿਸ਼ਵਾਸ ਦੇ ਅਨੁਸਾਰ ਪੂਰਾ ਵੀ ਕਰਦੇ ਹੋਣਗੇ। ਕਈ ਬਾਹਰਲੇ ਦੇਸ਼ਾਂ ਦੇ ਲੋਕ ਇਥੇ ਆਕੇ ਇਹ ਕਰਮਕਾਂਡ ਕਰਦੇ ਵੇਖੇ ਜਾ ਸਕਦੇ ਹਨ। ਸਾਡੇ ਆਪਣੇ ਅਨਪੜ੍ਹ ਅਗਿਆਨੀ ਲੋਕ ਤਾਂ ਬਹੁਤ ਨੀਵੇਂ ਪੱਧਰ ਦੀ ਸੋਚ ਰੱਖਦੇ ਸਨ, ਸਾਡੇ ਅਨਪੜ੍ਹ ਅਗਿਆਨੀ ਪ੍ਰਚਾਰਕਾਂ, ਵਿਹਲੜ ਬੂਬਨਿਆਂ, ਟਕਸਾਲੀ ਲਾਣੇ ਨੇ ਬਾਹਰਲੇ ਦੇਸ਼ਾਂ ਦੇ ਲੋਕਾਂ ਨੂੰ ਇਸ ਗਧੀ-ਗੇੜ ਵਿੱਚ ਪਾ ਛੱਡਿਆ ਹੈ।

** ਹੈ ਨਾ ਹਾਸੇ ਵਾਲੀ ਗੱਲ! !

- 'ਗੁਰਬਾਣੀ' ਪੜ੍ਹਨਾ ਹੈ, ਪਾਠ ਕਰਨਾ ਹੈ, ਕੀਰਤਨ ਕਰਨਾ ਹੈ, ਕੇਵਲ ਗਿਆਨ ਲੈਣ ਵਾਸਤੇ, ਵਿਚਾਰਾਂ ਕਰਨ ਵਾਸਤੇ, ਨਾ ਕਿ ਕੋਈ ਖਾਨਾ ਪੂਰਤੀ ਕਰਨੀ ਹੈ।

- ਅਗਰ ਤੁਹਾਡੇ ਚਿਹਨ/ਚੇਤਨਤਾ ਵਿੱਚ ਕਿਸੇ ਖਾਸ ਜਗਹ ਉੱਪਰ ਜਾ ਕੇ ਪਾਠ ਕਰਨ ਨਾਲ, ਕੀਰਤਨ ਸੁਨਣ ਨਾਲ, ਜਿਆਦਾ ਲਾਹਾ ਮਿਲਦਾ ਹੈ, ਤਾਂ ਇਹ ਤੁਹਾਡਾ ਭੁਲੇਖਾ ਹੈ।
- ਲ਼ਾਹਾ ਤੁਹਾਡੀ ਚੇਤਨਤਾ ਨੇ ਲੈਣਾ ਹੈ। ਉਹ ਵੀ ਜਦੋਂ ਤੁਹਾਡੀ ਬਿਬੇਕ-ਬੁੱਧੀ ਵਿੱਚ ਇਹ ਭਾਵ ਪੈਦਾ ਹੋਏਗਾ, ਕਿ ਮੈਂ 'ਗੁਰਬਾਣੀ' ਨੂੰ ਸਮਝਕੇ 'ਗੁਰਮੱਤ-ਗਿਆਨ' ਹਾਸਿੱਲ ਕਰਨਾ ਹੇ। ਤਾਂ ਤੁਹਾਨੂੰ ਇਹ ਸਮਝ ਆਏਗਾ ਕਿ ਇਸ ਗਿਆਨ ਲੈਣ ਵਾਲੀ ਪਰਕਿਰਿਆ ਵਿੱਚ ਕਿਸੇ ਖਾਸ ਜਗਹ ਦਾ ਤਾਂ ਕੋਈ ਰੋਲ ਹੀ ਨਹੀਂ ਹੈ, ਕੋਈ ਜੋਗ ਹੀ ਨਹੀਂ ਹੈ, ਕੋਈ ਮਹੱਤਵ ਨਹੀਂ ਹੈ।
- ਕਿਸੇ ਖਾਸ ਜਗਹ ਨਾਲ ਜੁੜਕੇ ਅਸੀਂ ਆਪਣਾ 'ਗੁਰਮੱਤ' ਗਿਆਨ' ਲੈਣ ਵਾਲਾ ਮਕਸਦ ਭੁੱਲ ਜਾਂਦੇ ਹਾਂ।
- ਸਨਾਤਨੀ ਮੱਤ ਦੇ ਤੀਰਥਾਂ ਦੀ ਤਰਹ ਸਿੱਖ ਸਮਾਜ ਦੇ ਪੂਜਾਰੀ ਨੇ ਵੀ ਸਿੱਖੀ-ਸਮਾਜ ਵਿੱਚ ਕੁੱਝ ਮਸ਼ਹੂਰ ਥਾਵਾਂ ਨੂੰ ਹਿੰਦੂ ਤੀਰਥਾਂ ਅਸਥਾਂਨਾ ਵਾਂਗ ਵੱਧ ਮਹਾਤਮ ਦੇਣਾ ਕੀਤਾ, ਇਹਨਾਂ ਅਸਥਾਨਾਂ ਦੀਆਂ ਯਾਤਰਾਵਾਂ ਕਰਨ ਦੀ ਪੁਰਜ਼ੋਰ ਵਕਾਲਤ ਕੀਤੀ ਜਾਂਦੀ ਹੈ।
- 'ਗੁਰਬਾਣੀ' ਗਿਆਨ ਸਾਨੂੰ ਵਹਿਮਾਂ, ਭਰਮਾਂ, ਪਾਖੰਡਾਂ ਦੀ ਦਲਦਲ ਵਿਚੋਂ ਕੱਢਦਾ ਹੈ, ਪਰ ਅਸੀਂ ਲੋਕ ਦਲਦਲ ਵਿਚੋਂ ਨਿਕਲਣ ਨੂੰ ਤਿਆਰ ਨਹੀਂ ਹਾਂ।
- ਲ਼ੋਕ ਅੱਜ ਵੀ ਤੀਰਥ ਸਥਾਨਾਂ ਤੋਂ ਪਾਣੀਆਂ ਦੀਆਂ ਬੋਤਲਾਂ ਭਰ ਭਰ ਕੇ ਆਪਣੇ ਘਰਾਂ ਨੂੰ ਲੇ ਜਾ ਰਹੇ ਹਨ, ਆਪਣੇ ਘਰਾਂ ਨੂੰ ਪਵਿਤੱਰ ਕਰਨ ਦੇ ਲਈ। ਕਿੰਨੀਆਂ ਹਾਸੇ ਭਰੀਆਂ ਕਰਤੂਤਾਂ ਹਨ ਅਸਾਡੀਆਂ।
- ਪੂਜਾਰੀ ਲਾਣਾ ਆਪ ਗਰਕਿਆ ਹੀ ਸੀ, ਉਸਨੇ ਸਾਰੀ ਸਿੱਖ ਕੌਮ ਇਸ ਦਲਦਲ ਵਾਲੀ ਰਾਹ ਵਿਖਾਉਣੀ ਕਰ ਦਿੱਤੀ। ਫੈਸਲਾ ਤਾਂ ਹਰ ਮਨੁੱਖ ਨੇ ਆਪ ਹੀ ਕਰਨਾ ਹੈ, ਕਿ ਉਸਨੇ ਦਲਦਲ ਵਾਲਾ ਰਾਹ ਚੁੱਨਣਾ ਹੈ ਜਾਂ ਸਿੱਧਾ ਪਧਰਾ ਰਾਹ ਉੱਪਰ ਚੱਲਣ ਹੈ।
- ਜਦ ਤੱਕ ਸਾਡੀਆਂ ਧਾਰਮਿੱਕ ਸੰਸਥਾਵਾਂ ਵਿੱਚ 'ਗੁਰਮੱਤ' ਗਿਆਨ ਵਿਚਾਰ ਦੀ ਸਾਲਾਹ ਨਹੀਂ ਦਿੱਤੀ ਜਾਂਦੀ, ਤੱਦ ਤੱਕ ਸਿੱਖ-ਸਮਾਜ ਦਾ ਨਿਵਾਣਾਂ ਵੱਲ ਨੂੰ ਜਾਣਾ ਤਹਿ ਹੈ। ਕਿਸੇ ਸੁਧਾਰ ਦੀ ਸੰਭਾਵਨਾ ਬਾਰੇ ਸੋਚਣਾ ਬੇਵਕੂਫੀ ਹੋਵੇਗੀ।
- ਸੁਧਾਰ ਹਰ ਮਨੁੱਖ ਨੇ ਆਪਣੇ ਆਪ ਵਿੱਚ ਕਰਨਾ ਹੈ। ਬਾਹਰੋਂ ਕਿਸੇ ਗੈਬੀ ਸ਼ਕਤੀ ਨੇ ਆ ਕੇ ਮਨੁੱਖਾ ਸਮਾਜ ਵਿੱਚ ਸੁਧਾਰ ਨਹੀਂ ਕਰਨਾ। ਹਰ ਮਨੁੱਖ ਆਪਣੇ ਆਪ ਵਿੱਚ ਸੁਧਰ ਜਾਵੇ ਤਾਂ ਮਨੁੱਖਾ ਸਮਾਜ ਵਿੱਚ ਸੁਧਾਰ ਆ ਗਿਆ ਸਮਝੋ।
- ਗੁਰੂ ਦੀ ਕਿਰਪਾ ਹੋ ਗਈ ਸਮਝੋ।
- ਕਿਰਪਾ ਵਾਸਤੇ ਕਿਸੇ ਨੇ ਬ੍ਰਾਹਮਣੀ ਸੋਚ ਵਾਲਾ 'ਤਥਾ-ਅਸਤੂ' ਨਹੀਂ ਕਹਿਣਾ। ਇਸਦੀ ਉਡੀਕ ਨਾ ਕਰੋ।
- ਆਪਣੇ ਆਪ ਵਿੱਚ ਗੁਰਮੱਤ ਗਿਆਨ ਵਿਚਾਰ ਅਨੁਸਾਰੀ ਬਦਲਾਅ ਲੈ ਆਵੋਗੇ ਤਾਂ ਜੀਵਨ ਮੁਕਤ ਹੋ ਜਾਉਗੇ।
- ਵਰਨਾ,
- ਜੋ ਕਰ ਰਹੇ ਹੋ, ਉਹੀ ਕਰਮਕਾਂਡ, ਆਡੰਬਰ, ਵਹਿਮ, ਭਰਮ, ਪਾਖੰਡ, ਮਰਦੇ ਦਮ ਤੱਕ ਕਰਦੇ ਰਹੋਗੇ। ਇਹਨਾਂ ਤੋਂ ਛੁਟਕਾਰਾ ਨਹੀਂ ਮਿਲੇਗਾ।

. . . . . ਚੱਲਦਾ।

ਇੰਜ ਦਰਸਨ ਸਿੰਘ ਖਾਲਸਾ

ਸਿੱਡਨੀ ਅਸਟਰੇਲੀਆ

4 ਜੁਲਾਈ 2019